# ਸੋਮਵਾਰ 22 ਜੁਲਾਈ 2019 ਤੋਂ ਐਤਵਾਰ 28 ਜੁਲਾਈ 2019 ਤੱਕ

23.7.19 ਮੰਗਲਵਾਰ:-ਸ੍ਰੀ ਗੁਰੁ ਹਰਿਕ੍ਰਿਸ਼ਨ ਸਾਹਿਬ ਜੀ ਦਾ ਪ੍ਰਕਾਸ਼ ਦਿਨ ਹੈ।

24.7.18 ਬੁੱਧਵਾਰ: - 4.30 ਵਜ਼ੇ:- ਸਾਧ ਸੰਗਤ ਵੱਲੋਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ 4.30 ਵਜ਼ੇ ਹੋਣਗੇ , ਰਹਿਰਾਸ ਦੇ ਪਾਠ ਉਪਰੰਤ ਦੀਵਾਨ ਸੱਜਣਗੇ ਹਜੂਰੀ ਜਥਾ ਕੀਰਤਨ ਕਰੇਗਾ ਬਾਅਦ ਵਿਚ ਹੈਡ ਗ੍ਰੰਥੀ ਗਿਆਨੀ ਗੁਰਮੀਤ ਸਿੰਘ ਜੀ ਕਥਾ ਕਰਨਗੇ ਅਤੇ ਸਾਰੀ ਹੋਵੇਗੀ ਦੇਗਾਂ ਦੀਆਂ ਸੇਵਾਵਾਂ:, ਸ੍ਰ: ਅਮਰਜੀਤ ਸਿੰਘ , ਸ੍ਰ:ਹਰਜਿੰਦਰ ਸਿੰਘ ਅਤੇ ਬੀਬੀ ਤਰਸੇਮ ਕੌਰ, ਬੀਬੀ ਪਵਨਦੀਪ ਕੌਰ, ਸ ਬਿਕ੍ਰਮਜੀਤ ਸਿੰਘ ਥਾਂਦੀ ਅਤੇ ਬੀਬੀ ਰਣਜੀਤ ਕੌਰ ਅਤੇ ਸ੍ਰ ਸੁਚਾ ਸਿੰਘ ਬੈਂਸ ਪਰਿਵਾਰਾਂ ਵਲੋਂ ਹੋਣਗੀਆਂ।

**25.7.19 ਵੀਰਵਾਰ:- 6.00 ਵੱਜੇ:-** ਰਹਿਰਾਸ ਸਾਹਿਬ ਦੇ ਪਾਠ ਹੋਣਗੇ ਉਪਰੰਤ ਹਜ਼ੂਰੀ ਜਥਾ ਸ਼ਬਦ ਕੀਰਤਨ ਕਰੇਗਾ ਅਤੇ ਸਾਰੀ ਸੇਵਾ ਹੋਵੇਗੀ।

**26.7.19 ਸ਼ੁਕਰਵਾਰ:-**

**10.00 ਵਜ਼ੇ:-**ਸਾਧ ਸੰਗਤ ਵੱਲੋਂ ਗੁਰੁ ਹਰਿਕ੍ਰਿਸ਼ਨ ਸਾਹਿਬ ਜੀ ਦੇ ਪ੍ਰਕਾਸ਼ ਦੇ ਸਬੰਧ ਵਿੱਚ ਅਖੰਡ ਪਾਠ ਸਾਹਿਬ 10.00 ਵਜ਼ੇ ਅਰੰਭ ਹੋਣਗੇ ਸਾਰੀ ਸੇਵਾ ਹੋਵੇਗੀ।

**ਦੇਗਾਂ ਦੀਆਂ ਸੇਵਾਵਾਂ: -** ਸ: ਸੁਰਜੀਤ ਸਿੰਘ ਸੇਖੋਂ, ਸ: ਸੁਰਜੀਤ ਸਿੰਘ ਸ਼ੇਰਗਿੱਲ ਤੇ ਬੀਬੀ ਗੁਰਦੀਪ ਕੌਰ ਸ਼ੇਰਗਿੱਲ, ਸ: ਅਵਤਾਰ ਸਿੰਘ ਤੇ ਬੀਬੀ ਕੁਲਵਿੰਦਰ ਕੌਰ ਪੁਰੇਵਾਲ, ਬੀਬੀ ਸੁਰਿੰਦਰ ਕੌਰ ਪੁਰੇਵਾਲ, ਸ: ਕਸ਼ਮੀਰ ਸਿੰਘ ਤੇ ਬੀਬੀ ਸੁਰਿੰਦਰ ਕੌਰ ਨਾਗਰਾ, ਸ: ਸੇਵਾ ਸਿੰਘ ਅੱਟਾ ਤੇ ਬੀਬੀ ਅਵਤਾਰ ਕੌਰ ਅੱਟਾ, ਬੀਬੀ ਅਮਰਜੀਤ ਕੌਰ ਸੰਧੂ ਤੇ ਸ: ਗੁਰਦੇਵ ਸਿੰਘ ਔਲਖ, ਸ: ਛਿੰਦਾ ਸਿੰਘ ਥਾਂਦੀ, ਸ: ਹਰਬੰਸ ਸਿੰਘ ਨਿੱਝਰ, ਸ: ਇੰਦਰਜੀਤ ਸਿੰਘ ਬੀਬੀ ਪ੍ਰਮਜੀਤ ਕੌਰ ਤੇ ਸਵ: ਸ: ਨਿਰਮਲ ਸਿੰਘ ਪੁਰੇਵਾਲ, ਸ: ਨਾਵਿੰਦਰ ਸਿੰਘ ਤੇ ਬੀਬੀ ਮਲਵਿੰਦਰ ਕੌਰ ਸੇਖੋਂ ਦੇ ਪ੍ਰੀਵਾਰਾਂ ਵਲੋਂ ਹੋਣਗੀਆਂ।

**ਸ ਅਮਰੀਕ ਸਿੰਘ ਬਸਰਾ ਨੇ ਕਿਚਨ ਵਰਤਣਾ ਹੈ।**

**27.7.19 ਸ਼ਨਿਚਰਵਾਰ: -** ਸ ਤਰਸੇਮ ਸਿੰਘ ਬਾਸੀ ਦੀ ਲੜਕੀ ਦਾ ਅਨੰਦ ਕਾਰਜ ਉਪਰਲੇ ਹਾਲ ਵਿੱਚ ਹੋਵੇਗਾ।

**2.00:-** ਬੀਬੀ ਰਮਨਦੀਪ ਕੌਰ ਅਤੇ ਪਰਿਵਾਰ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਹੋਣਗੇ ਅਤੇ ਸਾਰੀ ਸੇਵਾ ਹੋਵੇਗੀ।

**4.00:-** ਸ ਕੁਲਦੀਪ ਸਿੰਘ ਕੁਲਾਰ ਅਤੇ ਪਰਿਵਾਰ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਹੋਣਗੇ ਅਤੇ ਸਾਰੀ ਸੇਵਾ ਹੋਵੇਗੀ।

**4.00 ਵਜ਼ੇ:-** ਸ਼ਾਮ ਨੂੰ ਬੀਬੀਆਂ ਸਿਮਰਨ ਕਰਨਗੀਆਂ।

**28.7.19 ਐਤਵਾਰ:-10.00 ਵਜ਼ੇ:** -ਸਾਧ ਸੰਗਤ ਵੱਲੋਂ ਰਖਾਏ ਹੋਏ ਗੁਰੁ ਹਰਿਕ੍ਰਿਸ਼ਨ ਸਾਹਿਬ ਜੀ ਦੇ ਪ੍ਰਕਾਸ਼ ਦੇ ਸਬੰਧ ਵਿੱਚ ਅਖੰਡ ਪਾਠ ਸਾਹਿਬ ਦੇ ਭੋਗ 10.00 ਵਜ਼ੇ ਪੈਣਗੇ ਅਤੇ ਸਾਰੀ ਸੇਵਾ ਹੋਵੇਗੀ, ਬਾਅਦ'ਚ ਹਜ਼ੂਰੀ ਜਥਾ ਕੀਰਤਨ ਕਰੇਗਾ, ਸਤਿਕਾਰਯੋਗ ਹੈਡ ਗ੍ਰੰਥੀ ਗਿਆਨੀ ਗੁਰਮੀਤ ਸਿੰਘ ਜੀ ਕਥਾ ਕਰਨਗੇ ।

ਸ ਧਰਮ ਸਿੰਘ ਥਿਆਰਾ ਦੀ ਲੜਕੀ ਦਾ ਅਨੰਦ ਕਾਰਜ ਉਪਰਲੇ ਹਾਲ ਵਿੱਚ ਹੋਵੇਗਾ।

1.00 ਵੱਜੇ:- ਸ ਕਸ਼ਮੀਰ ਸਿੰਘ ਔਜਲਾ ਦੇ ਗ੍ਰਹਿ ਵਿੱਖੇ ਸੁਖਮਨੀ ਸਾਹਿਬ ਦੇ ਪਾਠ ਹੋਣਗੇ ਅਤੇ ਸਾਰੀ ਸੇਵਾ ਹੋਵੇਗੀ।

ਭਾਈ ਹਰਨੀਤ ਸਿੰਘ ਜੀ ਦਾ ਜਥਾ ਹਾਜ਼ਰੀ ਭਰੇਗਾ।

**ਜੁਲਾਈ**

**31 ਜੁਲਾਈ ਸ਼ਹੀਦੀ ਦਿਨ ਸ ਉਧਮ ਸਿੰਘ ਜੀ**

**Transition day and term ends (Punjabi School)**

## ਸ੍ਰੀ ਹਰਿਕ੍ਰਿਸ਼ਨ ਧਿਆਈਐ...

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ ਜਨਮ ਸ੍ਰੀ ਗੁਰੂ ਹਰਿ ਰਾਇ ਜੀ ਅਤੇ ਮਾਤਾ ਸੁਲੱਖਣੀ ਜੀ ਦੇ ਗ੍ਰਹਿ ਕੀਰਤਪੁਰ ਸਾਹਿਬ (ਰੂਪਨਗਰ) ਵਿਖੇ 23 ਜੁਲਾਈ 1656 ਨੂੰ ਹੋਇਆ। ਗੁਰੂ ਹਰਿ ਰਾਇ ਜੀ ਦੇ ਦੋ ਪੁੱਤਰ ਸਨ-ਰਾਮ ਰਾਇ ਅਤੇ ਹਰਿਕ੍ਰਿਸ਼ਨ। ਰਾਮ ਰਾਇ ਵੱਡਾ ਅਤੇ ਰੁੱਖੇ ਸੁਭਾਅ

ਵਾਲਾ ਸੀ। ਉਸ ਦੀ ਮੁਗਲ ਹਾਕਮਾਂ ਨਾਲ ਸਾਂਝ ਸੀ। ਹਰਿਕ੍ਰਿਸ਼ਨ ਜੀ ਬੜੇ ਨਿਮਰ ਸੁਭਾਅ ਵਾਲੇ ਸਨ। ਉਂਜ ਦੋਵੇਂ ਸਿੱਖ ਮੱਤ ਦੇ ਪੈਰਵੀ ਸਨ ਅਤੇ ਗੁਰਬਾਣੀ ਦਾ ਸਿਮਰਨ ਕਰਦੇ ਸਨ। ਹਰਿਕ੍ਰਿਸ਼ਨ ਜੀ ਹਾਲੇ 5 ਸਾਲ ਦੇ ਹੀ ਸਨ ਕਿ ਪਿਤਾ ਹਰਿ ਰਾਇ ਉਨ੍ਹਾਂ ਨੂੰ 7 ਅਕਤੂਬਰ 1661 ਨੂੰ ਗੁਰਿਆਈ ਦੇ ਕੇ ਕੀਰਤਪੁਰ ਵਿਖੇ ਜੋਤੀ ਜੋਤ ਸਮਾ ਗਏ। ਉਹ ਗੁਰੂ ਹਰਿਕ੍ਰਿਸ਼ਨ ਜੀ ਨੂੰ ਮੁਗਲ ਬਾਦਸ਼ਾਹ ਅਰੰਗਜ਼ੇਬ ਨਾਲ ਕਦੇ ਵੀ ਨਾ ਮਿਲਣ ਦੀ ਹਦਾਇਤ ਕਰ ਗਏ।

ਰਾਮ ਰਾਇ ਗੁਰੂ ਜੀ ਦਾ ਵੱਡਾ ਪੁੱਤਰ ਹੋਣ ਕਰਕੇ ਗੁਰਗੱਦੀ ਉੱਤੇ ਆਪਣਾ ਹੱਕ ਸਮਝਦਾ ਸੀ। ਉਸ ਨੂੰ ਗੁਰੂ ਹਰਿ ਰਾਇ ਸਾਹਿਬ ਜੀ ਵੱਲੋਂ ਗੁਰੂ ਹਰਿਕ੍ਰਿਸ਼ਨ ਜੀ ਨੂੰ ਕੀਤੀ ਗਈ ਹਦਾਇਤ ਦਾ ਪਤਾ ਸੀ। ਉਸ ਦੀ ਕਿਉਂਕਿ ਮੁਗਲ ਹਾਕਮਾਂ ਨਾਲ ਚੰਗੀ ਬਣਦੀ ਸੀ, ਉਸ ਨੇ ਗੁਰੂ ਹਰਿਕ੍ਰਿਸ਼ਨ ਜੀ ਨਾਲ ਈਰਖਾ ਕੱਢਣ ਲਈ ਇਕ ਚਾਲ ਚੱਲੀ। ਉਸ ਨੇ ਔਰੰਗਜ਼ੇਬ ਕੋਲ ਸ਼ਿਕਾਇਤ ਕੀਤੀ ਕਿ ਉਸ ਨੂੰ ਪਿਤਾ ਦੀ ਜਾਇਦਾਦ ਵਿਚੋਂ ਬਣਦਾ ਹਿੱਸਾ ਨਹੀਂ ਦਿੱਤਾ ਗਿਆ। ਸਾਰੀ ਜਾਇਦਾਦ ਉਸ ਦੇ ਛੋਟੇ ਭਰਾ ਹਰਿਕ੍ਰਿਸ਼ਨ ਨੂੰ ਦੇ ਦਿੱਤੀ ਗਈ ਹੈ। ਇਹ ਉਸ ਦੇ ਨਾਲ ਘੋਰ ਅਨਿਆਂ ਹੈ। ਦਰਅਸਲ ਉਸ ਦੀ ਇਹ ਸ਼ਿਕਾਇਤ ਕਰਨ ਦਾ ਮਕਸਦ ਇਕ ਤੀਰ ਨਾਲ ਦੋ ਨਿਸ਼ਾਨੇ ਕਰਨਾ ਸੀ। ਉਸ ਨੂੰ ਪਤਾ ਸੀ ਕਿ ਔਰੰਗਜ਼ੇਬ ਗੁਰੂ ਹਰਿਕ੍ਰਿਸ਼ਨ ਨੂੰ ਪੇਸ਼ ਹੋਣ ਦਾ ਹੁਕਮ ਕਰੇਗਾ। ਇਸ ਤਰ੍ਹਾਂ ਔਰੰਗਜ਼ੇਬ ਨੂੰ ਨਾ ਮਿਲਣ ਦੀ ਗੁਰੂ ਹਰਿ ਰਾਇ ਜੀ ਵੱਲੋਂ ਕੀਤੀ ਗਈ ਹਦਾਇਤ ਉਲਟ ਹੋ ਜਾਵੇਗੀ। ਸਿੱਖ ਸੰਗਤ ਹਰਿਕ੍ਰਿਸ਼ਨ ਨਾਲ ਨਾਰਾਜ਼ ਹੋ ਜਾਵੇਗੀ ਅਤੇ ਉਸ ਨੂੰ ਗੁਰੂ ਮੰਨਣ ਤੋਂ ਇਨਕਾਰੀ ਹੋ ਜਾਵੇਗੀ। ਇਸ ਤਰ੍ਹਾਂ ਗੁਰਗੱਦੀ ਅਤੇ ਸਾਰੀ ਜਾਇਦਾਦ ਰਾਮ ਰਾਇ ਦੇ ਕਬਜ਼ੇ ਵਿਚ ਆ ਜਾਵੇਗੀ। ਜੇ ਹਰਿਕ੍ਰਿਸ਼ਨ ਔਰੰਗਜ਼ੇਬ ਦੇ ਸਾਹਮਣੇ ਪੇਸ਼ ਨਹੀਂ ਹੁੰਦਾ ਤਾਂ ਔਰੰਗਜ਼ੇਬ ਦੀ ਫੌਜ ਉਸ ਉੱਤੇ ਹਮਲਾ ਕਰਕੇ ਉਸ ਨੂੰ ਗ੍ਰਿਫ਼ਤਾਰ ਕਰਕੇ ਲੈ ਜਾਵੇਗੀ। ਔਰੰਗਜ਼ੇਬ ਨੇ ਗੁਰੂ ਹਰਿਕ੍ਰਿਸ਼ਨ ਨੂੰ ਪੇਸ਼ ਹੋਣ ਦਾ ਹੁਕਮ ਜਾਰੀ ਕਰਕੇ ਆਪਣੇ ਮੁੱਖ ਸਲਾਹਕਾਰ ਰਾਜਾ ਜੈ ਸਿੰਘ ਨੂੰ ਗੁਰੂ ਜੀ ਨੂੰ ਦਿੱਲੀ ਲਿਆਉਣ ਲਈ ਭੇਜਿਆ। ਦਿੱਲੀ ਪਹੁੰਚ ਕੇ ਗੁਰੂ ਜੀ ਅਤੇ ਨਾਲ ਆਈ ਸੰਗਤ ਨੇ ਰਾਜਾ ਜੈ ਸਿੰਘ ਦੇ ਮਹਿਲ ਵਿਚ ਨਿਵਾਸ ਕੀਤਾ। ਇਹ ਮਹਿਲ ਕਾਫੀ ਲੰਬਾ-ਚੌੜਾ ਸੀ। ਇੱਥੇ ਰੋਜ਼ਾਨਾ ਭਾਰੀ ਗਿਣਤੀ ਵਿਚ ਸੰਗਤ ਗੁਰੂ ਜੀ ਦੇ ਦਰਸ਼ਨ ਕਰਨ ਆਉਂਦੀ। ਬਾਦਸ਼ਾਹ ਔਰੰਗਜ਼ੇਬ ਨੂੰ ਵੀ ਸ਼ੱਕ ਹੋਇਆ ਕਿ ਏਨੀ ਛੋਟੀ ਉਮਰ ਦਾ ਬਾਲਕ ਗੁਰੂ ਵਰਗੀ ਪਦਵੀ ਦਾ ਮਾਲਕ ਕਿਵੇਂ ਹੋ ਸਕਦਾ ਹੈ? ਉਸ ਨੇ ਰਾਜਾ ਜੈ ਸਿੰਘ ਨੂੰ ਗੁਰੂ ਜੀ ਦੀ ਪਰਖ ਕਰਨ ਲਈ ਕਿਹਾ। ਵਿਉਂਤ ਬਣਾਈ ਗਈ ਕਿ ਰਾਣੀ ਨੂੰ ਗੋਲੀਆਂ ਵਾਲੇ ਕੱਪੜੇ ਪਵਾ ਕੇ ਗੋਲੀਆਂ ਵਿਚ ਬਿਠਾਇਆ ਜਾਵੇ। ਜੇ ਤਾਂ ਇਹ ਸਹੀ ਗੁਰੂ ਹੋਵੇਗਾ ਤਾਂ ਰਾਣੀ ਨੂੰ ਪਛਾਣ ਲਵੇਗਾ। ਵਿਉਂਤ ਅਨੁਸਾਰ ਗੁਰੂ ਜੀ ਨੂੰ ਕਿਹਾ ਗਿਆ ਕਿ ਮਹਿਲ ਦੀਆਂ ਔਰਤਾਂ (ਰਾਣੀ ਤੇ ਗੋਲੀਆਂ) ਆਪ ਜੀ ਦੇ ਦਰਸ਼ਨ ਕਰਨੇ ਚਾਹੁੰਦੀਆਂ ਹਨ। ਔਰਤਾਂ ਦੇ ਨਿਵਾਸ ਅਸਥਾਨ ਉੱਤੇ ਸਾਰੀਆਂ ਗੋਲੀਆਂ ਨੂੰ ਬਿਠਾਇਆ ਗਿਆ। ਰਾਣੀ ਵੀ ਗੋਲੀਆਂ ਵਾਲੇ ਕੱਪੜੇ ਪਾ ਕੇ ਗੋਲੀਆਂ ਦੇ ਪਿੱਛੇ ਬੈਠ ਗਈ। ਗੁਰੂ ਜੀ ਨੂੰ ਉਥੇ ਲਿਆਂਦਾ ਗਿਆ। ਗੁਰੂ ਜੀ ਨੇ ਸਭਨਾਂ ਵੱਲ ਧਿਆਨ ਮਾਰਿਆ। ਗੋਲੀ ਦੇ ਲਿਬਾਸ ਵਿਚ ਜੋ ਔਰਤ ਪਿੱਛੇ ਬੈਠੀ ਸੀ, ਗੁਰੂ ਜੀ ਉਸ ਵੱਲ ਗਏ ਅਤੇ ਜਾ ਕੇ ਉਸ ਦੀ ਗੋਦੀ ਵਿਚ ਬੈਠ ਗਏ। ਇਸ ਤਰ੍ਹਾਂ ਸਾਰਿਆਂ ਨੂੰ ਵਿਸ਼ਵਾਸ ਹੋ ਗਿਆ ਕਿ ਅਸਲ ਗੁਰੂ ਇਹੀ ਹਨ।

**ਦਿੱਲੀ ਵਿਚ ਚੇਚਕ ਦੀ ਬਿਮਾਰੀ**

ਇਨ੍ਹੀਂ ਦਿਨੀਂ ਦਿੱਲੀ ਵਿਚ ਚੇਚਕ ਦੀ ਬਿਮਾਰੀ ਫੈਲ ਗਈ। ਗੁਰੂ ਜੀ ਨੇ ਚੇਚਕ ਦੇ ਰੋਗੀਆਂ ਦੀ ਸੇਵਾ ਕਰਨੀ ਸ਼ੁਰੂ ਕਰ ਦਿੱਤੀ। ਰੋਗੀਆਂ ਦੀ ਸੇਵਾ ਵਿਚ ਲੱਗੇ ਹੋਣ ਕਰਕੇ ਔਰੰਗਜ਼ੇਬ ਨੇ ਵੀ ਗੁਰੂ ਜੀ ਨੂੰ ਅੱਗੋਂ ਹੋਰ ਕੁਝ ਨਾ ਕਿਹਾ। ਗੁਰੂ ਜੀ ਨੇ ਰੋਗੀਆਂ ਦੀ ਸੇਵਾ ਕਰਦਿਆਂ ਨਾ ਆਪਣਾ ਆਰਾਮ, ਨਾ ਦਿਨ, ਨਾ ਰਾਤ ਦੇਖਿਆ। ਇਸ ਤਰ੍ਹਾਂ ਸੇਵਾ ਕਰਦਿਆਂ ਗੁਰੂ ਜੀ ਖੁਦ ਚੇਚਕ ਦਾ ਸ਼ਿਕਾਰ ਹੋ ਗਏ। ਸੇਵਕ ਗੁਰੂ ਜੀ ਨੂੰ ਰਾਜਾ ਜੈ ਸਿੰਘ ਦੇ ਮਹਿਲ ਤੋਂ ਦਰਿਆ ਯਮੁਨਾ ਦੇ ਕਿਨਾਰੇ ਲੈ ਗਏ। ਗੁਰੂ ਜੀ ਨੂੰ ਬਹੁਤ ਤੇਜ਼ ਬੁਖਾਰ ਹੋ ਗਿਆ। ਬਿਮਾਰੀ ਨਾਲ ਗੁਰੂ ਜੀ ਬਹੁਤ ਨਿਢਾਲ ਹੋ ਗਏ। ਏਨੇ ਕਮਜ਼ੋਰ ਹੋ ਗਏ ਕਿ ਬੋਲਣਾ ਵੀ ਮੁਸ਼ਕਿਲ ਹੋ ਗਿਆ। ਗੁਰੂ ਜੀ ਨੇ ਸੇਵਕਾਂ ਨੂੰ ਇਸ਼ਾਰੇ ਨਾਲ ਦੱਸਿਆ ਕਿ ਉਨ੍ਹਾਂ ਦਾ ਅੰਤਿਮ ਸਮਾਂ ਨਜ਼ਦੀਕ ਆ ਗਿਆ ਹੈ। ਸੇਵਕਾਂ ਨੂੰ ਡਰ ਪੈ ਗਿਆ ਕਿ ਧੀਰ ਮੱਲ ਅਤੇ ਰਾਮ ਰਾਇ ਵਰਗੇ ਅੱਗੋਂ ਗੁਰਗੱਦੀ ਉੱਤੇ ਕਾਬਜ਼ ਨਾ ਹੋ ਜਾਣ। ਉਨ੍ਹਾਂ ਨੇ ਗੁਰੂ ਜੀ ਤੋਂ ਗੁਰਗੱਦੀ ਦੇ ਅਗਲੇ ਵਾਰਿਸ ਬਾਰੇ ਪੁੱਛਿਆ। ਗੁਰੂ ਜੀ ਕੁਝ ਸਾਫ ਨਾ ਬੋਲ ਸਕੇ। ਉਨ੍ਹਾਂ ਦੇ ਮੁੱਖੋਂ ਸਿਰਫ ਏਨਾ ਹੀ ਨਿਕਲਿਆ-'ਬਾਬਾ ਬਕਾਲੇ'। ਗੁਰੂ ਜੀ ਦਿੱਲੀ ਵਿਚ 16 ਅਪ੍ਰੈਲ, 1664 ਨੂੰ ਜੋਤੀ ਜੋਤ ਸਮਾ ਗਏ। ਜਿਥੇ ਗੁਰੂ ਜੀ ਜੋਤੀ ਜੋਤ ਸਮਾਏ, ਉਸ ਅਸਥਾਨ ਉੱਤੇ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਸੁਸ਼ੋਭਿਤ ਹੈ।

ਭਾਈ ਸੰਤੋਖ ਸਿੰਘ ਸੰਧੂ ਫੋਨ : (+64) 0220710935